# ਅਮਰੀਕਾ ਵਿਚ ਹਾਲਾਤ ਅਤੇ ਸੱਤਾ ਵਿਚ ਟਾਕਰਾ

ਅਮਰੀਕਾ ਵਿਚ ਇਸ ਵੇਲੇ ਲੱਖਾਂ ਹੀ ਲੋਕ ਅੱਕੂਪਾਈ ਲਹਿਰ (ਕਬਜ਼ਾ ਕਰੋ ਲਹਿਰ) ਵਿਚ ਸ਼ਾਮਲ ਹੋ ਰਹੇ ਹਨ। ਲੋਕਾਂ ਨੇ ਥਾਂ ਥਾਂ ਧਰਨੇ ਦਿਤੇ ਹੋਏ ਹਨ। ਯੂਨੀਵਰਸਿਟੀਆਂ ਤੇ ਕਾਲਜਾਂ ਦੇ ਵਿਦਿਆਰਥੀ ਰੋਸ ਮੁਜ਼ਾਹਰੇ ਕਰ ਰਹੇ ਹਨ। ਟਰੇਡ ਯੂਨੀਅਨਾਂ ਅਤੇ ਹੋਰ ਅਦਾਰੇ  ਸੰਘਰਸ਼ ਕਰ ਰਹੇ ਹਨ। ਗੱਲ ਕੀ ਹਾਲਾਤ ਖ਼ਿਲਾਫ਼ ਹਰ ਛੋਟੇ ਵੱਡੇ ਸ਼ਹਿਰ ਵਿਚ ਕੋਈ ਨਾ ਕੋਈ ਰੋਸ ਮੁਜ਼ਾਹਰਾ ਹੋ ਰਿਹਾ ਹੈ।

ਕੈਲੀਫੋਰਨੀਆ ਦੇ ਸ਼ਹਿਰ ਓਕਲੈਂਡ ਵਿਚ 2 ਨਵੰਬਰ ਨੂੰ ਲੋਕਾਂ ਨੇ ਹਜ਼ਾਰਾਂ ਦੀ ਗਿਣਤੀ ਵਿਚ ਆਮ ਹੜਤਾਲ ਹਿੱਸਾ ਲੈ ਕੇ ਤਮਾਮ ਸ਼ਹਿਰ ਨੂੰ ਬੰਦ ਕਰ ਦਿਤਾ ਅਤੇ ਬੰਦਰਗਾਹ ਦਾ ਵੀ ਸਾਰਾ ਕੰਮਕਾਰ ਠੱਪ ਦਿਤਾ। ਓਕਲੈਂਡ ਦੀ ਬੰਦਰਗਾਹ ਅਮਰੀਕਾ ਦੀ ਚੌਥੀ ਵੱਡੀ ਬੰਦਰਗਾਹ ਹੈ। ਕੁਝ ਦਿਨ ਹੋਏ ਪੁਲੀਸ ਨੇ ਬਹੁਤ ਹੀ ਵਹਿਸ਼ੀ ਤਰੀਕੇ ਨਾਲ ਅੱਕੂਪਾਈ ਓਕਲੈਂਡ ਵਾਲਿਆਂ ਦੇ ਤੰਬੂਆਂ ਤੇ ਹਮਲਾ ਕੀਤਾ ਸੀ। ਓਕਲੈਂਡ ਦੀ ਮੇਅਰ ਜੀਨ ਕੁਆਨ ਨੇ ਇਹਦੀ ਮੁਆਫ਼ੀ ਮੰਗੀ ਅਤੇ ਕਿਹਾ ਕਿ ਉਸਨੂੰ ਪਤਾ ਨਹੀਂ ਕਿ ਕਿਸ ਨੇ ਪੁਲੀਸ ਨੂੰ ਹਮਲਾ ਕਰਨ ਦਾ ਹੁਕਮ ਦਿਤਾ ਸੀ। ਦੂਜੇ ਪਾਸੇ ਪੁਲੀਸ ਨੇ ਆਪਣੀ ਵੈਬਸਾਈਟ ਤੇ ਐਲਾਨ ਕੀਤਾ ਕਿ ਉਨ੍ਹਾਂ ਨੂੰ ਮੇਅਰ ਨੇ ਹੀ ਹਮਲਾ ਕਰਨ ਦਾ ਹੁਕਮ ਦਿਤਾ ਸੀ। ਓਕਲੈਂਡ ਦੇ ਲੋਕ ਹੁਣ ਮੇਅਰ ਜੀਨ ਕੁਆਨ ਦੇ ਅਸਤੀਫ਼ੇ ਦੀ ਵੀ ਮੰਗ ਕਰ ਰਹੇ ਹਨ।

ਅਮਰੀਕਾ ਜਿਸ ਨੂੰ ਸੁਪਨਿਆਂ ਦਾ ਦੇਸ਼ ਕਿਹਾ ਜਾਂਦਾ ਸੀ ਉਸ ਵਿਚ ਇਸ ਤਰ੍ਹਾਂ ਦੀ ਹਲਚਲ ਦੀ ਕੀ ਵਜ੍ਹਾ ਹੈ? ਪਿਛਲੇ 30 ਸਾਲਾਂ ਵਿਚ ਅਮਰੀਕਾ ਦੇ ਲੋਕਾਂ ਦਾ ਹਾਲ ਬਹੁਤ ਭੈੜਾ ਹੋ ਗਿਆ ਹੈ। ਪੰਜ ਕਰੋੜ ਦੇ ਕਰੀਬ ਲੋਕ ਗਰੀਬੀ ਦੇ ਸ਼ਿਕਾਰ ਹਨ। ਲੋਕਾਂ ਦੀ ਬਹੁਤੀ ਵਸੋਂ ਐਸੀ ਹੈ ਜੋ ਕੰਮ ਵੀ ਕਰ ਰਹੇ ਹਨ ਪਰ ਪਰਿਵਾਰ ਫਿਰ ਵੀ ਗਰੀਬੀ ਦਾ ਸਾਹਮਣਾ ਕਰ ਰਹੇ ਹਨ। ਇਸ ਦਾ ਮਤਲਬ ਇਹ ਹੈ ਕਿ ਇਹ ਪਰਿਵਾਰ ਗੁਰਬਤ ਅਤੇ ਬੇਘਰ ਹੋਣ ਤੋਂ ਬਹੁਤਾ ਦੂਰ ਨਹੀਂ ਹਨ। ਕਰੈਡਿਟ ਕਾਰਡਾਂ ਦਾ ਕਰਜ਼ਾ ਵੀ ਬਹੁਤ ਜ਼ਿਆਦਾ ਹੋ ਗਿਆ ਹੈ। ਦੋ ਕਰੋੜ ਤੋਂ ਜ਼ਿਆਦਾ ਲੋਕ ਬੇਰੁਜ਼ਗਾਰ ਦੱਸੇ ਜਾਂਦੇ ਹਨ।

ਵਿਦਿਆਰਥੀਆਂ ਦੇ ਸਿਰ ਕਰਜ਼ੇ ਦੀ ਪੰਡ ਭਾਰੀ ਹੋ ਗਈ ਹੈ। ਵਿਦਿਆਰਥੀਆਂ ਦੇ ਸਿਰ ਕੁਲ ਕਰਜ਼ੇ ਦੀ ਰਕਮ ਇਕ ਟ੍ਰਿਲੀਅਨ ਦੱਸੀ ਜਾਂਦੀ ਹੈ ਅਤੇ ਕਾਲਜ ਖ਼ਤਮ ਕਰਨ ਦੇ ਬਾਅਦ ਵੀ ਨੌਕਰੀ ਨਹੀਂ ਮਿਲਦੀ ਤੇ ਉਨ੍ਹਾਂ ਨੂੰ ਬੇਰੁਜ਼ਗਾਰੀ ਦਾ ਸਾਮ੍ਹਣਾ ਕਰਨਾ ਪੈਂਦਾ ਹੈ, ਕਰਜ਼ੇ ਦੀ ਪੰਡ ਭਾਰੀ ਹੈ। ਪਿਛਲੇ 30 ਸਾਲਾਂ ਵਿਚ ਸਰਕਾਰ ਨੇ ਵਜ਼ੀਫ਼ੇ ਅਤੇ ਮਾਲੀ ਇਮਦਾਦ ਖ਼ਤਮ ਕਰਕੇ ਕਰਜ਼ਿਆਂ ਦਾ ਸਿਲਸਿਲਾ ਸ਼ੁਰੂ ਕਰ ਦਿਤਾ ਹੋਇਆ ਹੈ। ਇਸ ਨਾਲ ਕਾਲਜ ਅਤੇ ਯੂਨੀਵਰਸਿਟੀ ਵਿਚ ਪੜ੍ਹਨ ਵਾਲਿਆਂ ਦੇ ਸਿਰ ਕਰਜ਼ਾ ਹੋ ਜਾਂਦਾ ਹੈ।

ਇਸੇ ਤਰ੍ਹਾਂ ਬਾਕੀ ਹਰ ਚੀਜ਼ ਦੀ ਕੀਮਤ ਵੀ ਬਹੁਤ ਵੱਧ ਗਈ ਹੈ। ਲੋਕ ਮਹਿੰਗਾਈ ਤੋਂ ਬਹੁਤ ਪਰੇਸ਼ਾਨ ਹਨ। ਸਰਕਾਰ ਨੇ ਸਮਾਜੀ ਸੇਵਾਵਾਂ ਵਿਚ ਬਹੁਤ ਕਟੌਤੀਆਂ ਕੀਤੀਆਂ ਹਨ। ਸਿਹਤ ਦੇ ਬੀਮੇ ਕਰਾਉਣ ਦੀਆਂ ਕੀਮਤਾਂ ਆਸਮਾਨ ਛੂਹ ਰਹੀਆਂ ਹਨ। ਪੰਜ ਕਰੋੜ ਲੋਕਾਂ ਕੋਲ ਸਿਹਤ ਦਾ ਕੋਈ ਬੀਮਾ ਨਹੀਂ। ਉਨ੍ਹਾਂ ਦੇ ਸਿਰ ਤੇ ਹਮੇਸ਼ਾਂ ਡਰ ਦੀ ਤਲਵਾਰ ਖੜੀ ਹੈ। ਆਮ ਇਨਸਾਨ ਲਈ ਅਮਰੀਕਾ ਵਿਚ ਜੀਣਾ ਮੁਹਾਲ ਹੋ ਗਿਆ ਹੈ ਅਤੇ ਉਹ ਇਸ ਵਿਚੋਂ ਨਿਕਲਣ ਦਾ ਰਾਹ ਲੱਭ ਰਿਹਾ ਹੈ।

ਦੂਜੇ ਪਾਸੇ ਸਰਕਾਰ ਅਤੇ ਰਾਜ ਤੰਤ੍ਰ ਲੋਕਾਂ ਦੇ ਖ਼ਜ਼ਾਨੇ ਵਿਚੋਂ ਅਰਬਾਂ ਖਰਬਾਂ ਡਾਲਰ ਬੈਂਕਾਂ ਅਤੇ ਹੋਰ ਸੂਦਖ਼ੋਰਾਂ ਦੇ ਹਵਾਲੇ ਕਰੀ ਜਾ ਰਿਹਾ ਹੈ। ਓਬਾਮਾ ਅਤੇ ਬੁਸ਼ ਦੀ ਸਰਕਾਰ ਨੇ ਤਕਰੀਬਨ 16 ਟ੍ਰਿਲੀਅਨ ਡਾਲਰ ਖ਼ਜ਼ਾਨੇ ਵਿਚੋਂ ਇਨ੍ਹਾਂ ਦੀਆਂ ਜੇਬਾਂ ਵਿਚ ਪਾ ਦਿਤੇ ਹਨ। ਨਾਲ ਹੀ ਇਰਾਕ, ਅਫ਼ਗਾਨਿਸਤਾਨ, ਪਾਕਿਸਤਾਨ ਅਤੇ ਲਿਬੀਆ ਵਿਚ ਜੰਗ ਵਿਚ ਅਰਬਾਂ ਡਾਲਰ ਲਾ ਦਿਤੇ ਹਨ। ਇਕ ਪਾਸੇ ਸੂਦਖ਼ੋਰਾਂ ਦੀਆਂ ਜੇਬਾਂ ਭਰਦੀਆਂ ਜਾ ਰਹੀਆਂ ਹਨ ਦੂਜੇ ਪਾਸੇ ਲੋਕਾਂ ਨੂੰ ਭੁੱਖਮਰੀ ਦਾ ਸਾਮ੍ਹਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਦੇ ਘਰ ਕੁਰਕ ਕੀਤੇ ਜਾ ਰਹੇ ਹਨ।

ਇਨ੍ਹਾਂ ਹਾਲਾਤ ਤੋਂ ਮਜਬੂਰ ਹੋ ਕੇ ਲੋਕ ਸੜਕਾਂ ਤੇ ਆ ਗਏ ਹਨ ਅਤੇ ਉਹ ਸੱਤਾ ਅਤੇ ਹਾਕਮਾਂ ਵਲੋਂ ਵਲੇ ਹੋਏ ਦਾਇਰਿਆਂ ਤੋਂ ਬਾਹਰ ਆ ਕੇ ਆਪਣਿਆਂ ਮਸਲਿਆਂ ਦੇ ਹੱਲ ਲੱਭ ਰਹੇ ਹਨ। ਉਹ ਸਕੂਲਾਂ, ਕਾਲਜਾਂ, ਮਹੱਲਿਆਂ, ਕੰਮ ਦੀਆਂ ਥਾਂਵਾਂ ਤੇ  ਕੱਠੇ ਹੋ ਕੇ ਇਨ੍ਹਾਂ ਮਸਲਿਆਂ ਦੇ ਹੱਲ ਲਈ ਵਿਚਾਰ ਵਟਾਂਦਰਾ ਅਤੇ ਸਲਾਹ ਮਸ਼ਵਰਾ ਕਰ ਰਹੇ ਹਨ ਅਤੇ ਇਨ੍ਹਾਂ ਮਸਲਿਆਂ ਨੂੰ ਹੱਲ ਕਰਨ ਦੇ ਨਵੇਂ ਰਾਹ ਲੱਭ ਰਹੇ ਹਨ।

ਹਾਕਮ ਟੋਲਾ ਅਤੇ ਉਨ੍ਹਾਂ ਦਾ ਮੀਡੀਆ ਲੋਕਾਂ ਨੂੰ ਪੁਰਾਣੇ ਦਾਇਰਿਆਂ ਅਤੇ ਫ਼ਜ਼ੂਲ ਸਾਬਤ ਹੋ ਚੁੱਕੇ ਅਦਾਰਿਆਂ ਦੇ ਘੇਰੇ ਵਿਚ ਰਹਿਣ ਤੇ ਜ਼ੋਰ  ਦੇ ਰਹੇ ਹਨ। ਪਰ ਲੋਕਾਂ ਨੂੰ ਇਨ੍ਹਾਂ ਅਦਾਰਿਆਂ ਵਿਚ ਯਕੀਨ ਖ਼ਤਮ ਹੋ ਚੁੱਕਾ ਹੈ। ਉਨ੍ਹਾਂ ਨੂੰ ਨਹੀਂ ਲਗਦਾ ਕਿ ਸਦਰ, ਕਾਂਗਰਸ, ਡੈਮੋਕਰੈਟਿਕ ਅਤੇ ਰਿਪਬਲੀਕਨ ਪਾਰਟੀ ਉਨ੍ਹਾਂ ਦੇ ਮਸਲਿਆਂ ਨੂੰ ਹੱਲ ਕਰਨ ਵਿਚ ਕੋਈ ਦਿਲਚਸਪੀ ਜਾਂ ਸਲਾਹੀਅਤ ਰਖਦੇ ਹਨ।

ਹਾਲਾਤ ਮੰਗ ਕਰ ਰਹੇ ਹਨ ਕਿ ਲੋਕ ਇਕ ਨਵੀਂ ਸੱਤਾ ਅਤੇ ਤਾਕਤ ਨੂੰ ਜਨਮ ਦੇਣ ਜਿਸ ਨਾਲ ਉਹ ਇਨ੍ਹਾਂ ਭੈੜੇ ਹਾਲਾਤ ਨੂੰ ਬਦਲ ਸਕਣ। ਹਾਕਮ ਟੋਲਾ ਸੱਤਾ ਅਤੇ ਜਬਰ ਨਾਲ ਭੈੜੇ ਹਾਲਾਤ ਬਰਕਰਾਰ ਰਖਣ ਤੇ ਜ਼ੋਰ ਲਾ ਰਿਹਾ ਹੈ। ਇਸ ਟਾਕਰੇ ਨਾਲ ਨਵੇਂ ਹਾਲਾਤ ਬਣ ਰਹੇ ਹਨ ਅਤੇ ਨਵੀਂ ਸੱਤਾ ਦੀ ਲੋੜ ਜ਼ਾਹਰ ਹੋ ਰਹੀ ਹੈ।